**ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ**

**ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,3 ਬੀ-1(ਮਾਈਕਰੋਸਾਫਟ ਬਿਲਡਿੰਗ)**

**ਐਸ.ਏ.ਐਸ.ਨਗਰ**

---

ਵਿਗਿਆਪਨ ਨੰ: 09/1-2021ਭਡ(5)/2022220282 ਮਿਤੀ: 18/08/2022

<u>ਪਬਲਿਕ ਨੋਟਿਸ</u>

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵਲੋਂ ਮੈਰੀਟੋਰੀਅਸ ਸੁਸਾਇਟੀ ਅਧੀਨ ਮੈਰੀਟੋਰੀਅਸ ਸਕੂਲਾਂ ਵਿੱਚ ਵੱਖ- ਵੱਖ ਵਿਸ਼ਿਆਂ ਦੇ 90 ਲੈਕਚਰਾਰਾਂ (ਕਮਿਸਟਰੀ, ਫਿਜਕਸ, ਬਾਇਓਲੋਜੀ, ਮੈਥ, ਕਾੱਮਰਸ, ਅੰਗਰੇਜੀ ਅਤੇ ਪੰਜਾਬੀ) ਦੀਆਂ ਅਸਾਮੀਆਂ ਨੂੰ ਭਰਨ ਲਈ ਉਮੀਦਵਾਰਾਂ ਤੋਂ ਮਿਤੀ 01.10.2021 ਤੋਂ 20.10.2021 ਤੱਕ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਗਈ ਸੀ। ਉਕਤ ਵਿਗਿਆਪਤ ਅਸਾਮੀਆਂ ਦਾ ਸਬੰਧਤ ਵਿਸ਼ੇ ਦਾ ਲਿਖਤੀ ਟੈਸਟ ਮਿਤੀ 10.07.2022 ਨੂੰ ਲਿਆ ਗਿਆ ਸੀ। ਇਨ੍ਹਾਂ ਪੇਪਰਾਂ ਦੀ **Answer Keys** ਸਬੰਧੀ ਉਮੀਦਵਾਰਾਂ ਵੱਲੋ ਭੇਜੇ ਗਏ ਇਤਰਾਜਾਂ ਦਾ ਨਿਪਟਾਰਾ ਕਰਨ ਉਪਰੰਤ **Final Answer Keys** ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕਰ ਦਿੱਤੀ ਗਈ ਸੀ। ਇਸ ਉਪਰੰਤ ਉਮੀਦਵਾਰਾਂ ਦਾ ਨਤੀਜਾ ਉਹਨਾਂ ਦੇ ਆਨਲਾਈਨ ਅਕਾਊਂਟ ਵਿੱਚ ਅਪਲੋਡ ਕਰ ਦਿੱਤਾ ਗਿਆ ਸੀ।

ਉਮੀਦਵਾਰਾਂ ਨੂੰ ਅਸਲ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਵਾਸਤੇ ਮਿਤੀ 17-08-2022 ਨੂੰ ਬੁਲਾਇਆ ਗਿਆ ਸੀ। ਉਹਨਾਂ ਵਿੱਚੋਂ ਕੁਝ ਉਮੀਦਵਾਰ ਗੈਰਹਾਜਰ ਹੋ ਗਏ ਹਨ। ਸਕਰੂਟਨੀ ਵਿੱਚੋ ਗੈਰਹਾਜਰ ਹੋਏ ਉਮੀਦਵਾਰਾਂ ਨੂੰ ਸਕਰੂਟਨੀ ਕਰਵਾਉਣ ਵਾਸਤੇ ਇੱਕ ਆਖਰੀ ਮੌਕਾ ਦਿੱਤਾ ਜਾਂਦਾ ਹੈ। ਗੈਰਹਾਜਰ ਹੋਏ ਉਮੀਦਵਾਰ ਮਿਤੀ 23.08.2022 ਨੂੰ ਅਸਲ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਵਾਸਤੇ ਦਫਤਰ ਸਿੱਖਿਆ ਭਰਤੀ ਡਾਇਰੈਕਟੋਰੇਟ ਸਰਕਾਰੀ ਮਾਡਲ, ਸੀਨੀਅਰ ਸੈਕੰਡਰੀ ਸਕੂਲ (ਮਾਈਕਰੋਸਾਫਟ ਬਿਲਡਿੰਗ) ਫੇਜ-3 ਬੀ1,ਐਸ.ਏ.ਐਸ ਨਗਰ ਵਿਖੇ ਸਵੇਰੇ 10.00 ਵਜੇ ਤੋਂ ਸ਼ਾਮ 3.00 ਵਜੇ ਤੱਕ ਬੁਲਾਇਆ ਜਾਂਦਾ ਹੈ। ਇਸ ਤੋਂ ਬਾਅਦ ਗੈਰਹਾਜਰ ਹੋਏ ਉਮੀਦਵਾਰ ਨੂੰ ਕੋਈ ਮੌਕਾ ਨਹੀ ਦਿੱਤਾ ਜਾਵੇਗਾ।

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।

Scanned with CamScanner